# ਝੋਨੇ ਦਾ ਐਮ ਐਸ ਪੀ 100 ਰੁਪਏ ਪ੍ਰਤੀ ਕੁਇੰਟਲ ਵਧਿਆ, ਤਿਲ ਦਾ 523 ਰੁਪਏ

ਤੇਲ ਬੀਜਾਂ ਅਤੇ ਦਾਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਵਿੱਚ 2022-23 ਦੇ ਸਾਉਣੀ ਮੰਡੀਕਰਨ ਸੀਜ਼ਨ ਲਈ ਸਭ ਤੋਂ ਵੱਧ ਵਾਧਾ ਹੋਇਆ ਹੈ, ਜਿਸਦਾ ਐਲਾਨ ਭਾਰਤ ਸਰਕਾਰ ਨੇ 8 ਜੂਨ ਨੂੰ ਕੀਤਾ। ਤਿਲ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਵੱਧ ਵਾਧਾ ਕੀਤਾ ਗਿਆ ਹੈ, ਜੋ ਕਿ ਹੈ। ਪਿਛਲੇ ਸੀਜ਼ਨ — 2021-22 — ਨਾਲੋਂ 523 ਰੁਪਏ ਪ੍ਰਤੀ ਕੁਇੰਟਲ ਵੱਧ ਹੈ। ਅਨਾਜ ਵਿੱਚ, ਝੋਨੇ ਦਾ ਸਮਰਥਨ ਮੁੱਲ ਵਿੱਚ 100 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ।

ਅਨਾਜ ਵਿੱਚ, ਝੋਨੇ ਦਾ ਸਮਰਥਨ ਮੁੱਲ 100 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ। ਝੋਨੇ ਦੀਆਂ ਆਮ ਕਿਸਮਾਂ ਦਾ ਘੱਟੋ-ਘੱਟ ਸਮਰਥਨ ਮੁੱਲ 2,040 ਰੁਪਏ ਪ੍ਰਤੀ ਕੁੰਇੰਟਲ ਅਤੇ ਗ੍ਰੇਡ ਏ ਕਿਸਮਾਂ ਦਾ 2,060 ਰੁਪਏ ਪ੍ਰਤੀ ਕੁਇੰਟਲ ਤੈਅ ਕੀਤਾ ਗਿਆ ਹੈ। ਮੱਕੀ ਦਾ ਸਮਰਥਨ ਮੁੱਲ 92 ਰੁਪਏ ਵਧਾ ਕੇ 1,962 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ।

ਸਾਉਣੀ ਦੇ ਤਿਲਹਣਾਂ ਵਿੱਚ, ਤਿਲ ਦਾ ਘੱਟੋ-ਘੱਟ ਸਮਰਥਨ ਮੁੱਲ 523 ਰੁਪਏ ਵਧਾ ਕੇ 7,830 ਰੁਪਏ ਅਤੇ ਮੂੰਗਫਲੀ ਲਈ 300 ਰੁਪਏ ਵਧਾ ਕੇ 5,539 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਦਾਲਾਂ ਵਿੱਚੋਂ ਮੂੰਗੀ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਸਭ ਤੋਂ ਵੱਧ 480 ਰੁਪਏ ਦਾ ਵਾਧਾ ਹੋ ਕੇ 7,755 ਰੁਪਏ ਪ੍ਰਤੀ ਕੁਇੰਟਲ ਹੋ ਗਿਆ ਹੈ। ਅਰਹਰ ਅਤੇ ਉੜਦ (ਮਾਂਹ) ਦਾ ਘੱਟੋ-ਘੱਟ ਸਮਰਥਨ ਮੁੱਲ 300 ਰੁਪਏ ਵਧਾ ਕੇ 6,600 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

ਲੰਮੇ ਅਤੇ ਦਰਮਿਆਨੇ ਰੇਸ਼ੇ ਵਾਲੀ ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ 355 ਰੁਪਏ ਅਤੇ 354 ਰੁਪਏ ਵਧਾ ਕੇ ਕ੍ਰਮਵਾਰ 6,380 ਰੁਪਏ ਪ੍ਰਤੀ ਕੁਇੰਟਲ ਅਤੇ 6,080 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।

**2022-23 ਸੀਜ਼ਨ ਦੌਰਾਨ ਸਰਕਾਰੀ ਖ਼ਰੀਦ ਲਈ ਖ਼ਰੀਫ਼ ਦੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **ਐੱਮ ਐੱਸ ਪੀ 2022-23 (ਰੁਪਏ/ਕੁਇੰਟਲ)** | **ਐੱਮ ਐੱਸ ਪੀ 2021-22 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ (ਫ਼ੀਸਦੀ)** |
|---|---|---|---|---|
| ਝੋਨਾ (ਆਮ) | 2,040 | 1940 | 100 | 5.15% |
| ਝੋਨਾ (ਗ੍ਰੇਡ ਏ) | 2,060 | 1960 | 100 | 5.15% |
| ਜਵਾਰ (ਹਾਇਬ੍ਰਿਡ) | 2,970 | 2738 | 232 | 8.47% |
| ਜਵਾਰ (ਮਲਡੰਡੀ) | 2,990 | 2758 | 232 | 8.41% |
| ਬਾਜਰਾ | 2,350 | 2250 | 100 | 4.44% |
| ਰਾਗੀ | 3,578 | 3377 | 201 | 5.95% |
| ਮੱਕੀ | 1,962 | 1870 | 92 | 4.91% |
| ਤੂਰ (ਅਰਹਰ) | 6,600 | 6300 | 300 | 4.76% |
| ਮੂੰਗ | 7,755 | 7275 | 480 | 6.59% |
| ਉੜਦ (ਮਾਂਹ) | 6,600 | 6300 | 300 | 4.76% |
| ਮੂੰਗਫਲੀ | 5,850 | 5550 | 300 | 5.45% |
| ਸੂਰਜਮੁਖੀ ਦੇ ਬੀਜ | 6,400 | 6015 | 285 | 6.30% |
| ਸੋਇਆਬੀਨ (ਪੀਲੀ) | 4,300 | 3950 | 350 | 8.86% |
| ਤਿਲ | 7,830 | 7307 | 523 | 7.15% |
| ਨਾਈਜਰਸੀਡ | 7,287 | 6930 | 357 | 5.15% |
| ਕਪਾਹ (ਦਰਮਿਆਨਾ ਰੇਸ਼ਾ) | 6,080 | 5726 | 354 | 6.18% |
| ਕਪਾਹ (ਲੰਮਾ ਰੇਸ਼ਾ) | 6,380 | 6025 | 355 | 5.89% |